# ਤੁਹਾਨੂੰ ਆਪਣੇ ਬੱਚਿਆਂ ਨੂੰ 9-1-1 ਦੇ ਬਾਰੇ ਕੀ ਸਿਖਾਉਣਾ ਚਾਹੀਦਾ ਹੈ

***ਕੀ ਤੁਹਾਤੇ ਬੱਚਿਆਂ ਨੂੰ ਪਤਾ ਹੈ ਕਿ ਐਂਮਰਜੈਂਸੀ ਵਿੱਚ ਸਹਾਇਤਾ ਕਿੱਦਾਂ ਲੈਣੀ ਚਾਹੀਦੀ ਹੈ?***

- ਆਪਣੇ ਬੱਚਿਆਂ ਨੂੰ ਸਿਖਾਉ ਕਿ ਐਂਮਰਜੈਂਸੀ ਵਿੱਚ ਸਹਾਇਤਾ ਕਿੱਦਾਂ ਲੈਣੀ ਚਾਹੀਦੀ ਹੈ।
- ਜਿਵੇਂ ਹੀ ਤੁਹਾਡੇ ਬੱਚੇ ਸਿੱਖਣ ਦੇ ਲਾਇਕ ਹੋ ਜਾਣ ਉਨ੍ਹਾਂ ਨੂੰ ਉਨ੍ਹਾਂ ਦਾ ਪਤਾ ਅਤੇ ਫੋਨ ਨੰਬਰ ਸਿਖਾਉ। ਪਤਾ ਅਤੇ ਫੋਨ ਨੰਬਰ ਸਾਰਿਆਂ ਟੈਲੀਫੋਨਾਂ ਦੇ ਕੋਲ ਲਿਖ ਕੇ ਰੱਖੋ ਜੇਕਰ ਬੱਚੇ ਠੀਕ ਤਰ੍ਹਾਂ ਨਾਲ ਯਾਦ ਨਾ ਰੱਖ ਸਕਣ ਤਾਂ।
- ਬੱਚਿਆਂ ਨੂੰ ਸਿਖਾਉ ਕਿ ਐਂਮਰਜੈਂਸੀ ਆਪਰੇਟਰ ਦੇ ਸਾਰੇ ਸਵਾਲਾਂ ਦਾ ਉੱਤਰ ਦੇਣ ਅਤੇ ਜਦੋਂ ਤੱਕ ਫੋਨ ਬੰਦ ਕਰਨ ਨੂੰ ਨਾ ਕਿਹਾ ਜਾਏ, ਉਦੋਂ ਤੱਕ ਫੋਨ ਤੇ ਰਹਿਣ।
- **9-1-1** ਤੇ ਸ਼ਰਾਰਤੀ ਫੋਨ ਕਰਨ ਦੇ ਖਤਰਿਆਂ ਦੇ ਬਾਰੇ ਵਿੱਚ ਆਪਣੇ ਬੱਚਿਆਂ ਨੂੰ ਸਿਖਾਉ।

## 9-1-1 ਤੇ ਸ਼ਰਾਰਤੀ ਫੋਨ ਦੇ ਕੀ ਖਤਰੇ ਹਨ?

ਸ਼ਰਾਰਤੀ **9-1-1** ਫੋਨ ਨਾਲ ਸਮਾਂ ਅਤੇ ਪੈਸਾ ਬਰਬਾਦ ਹੁੰਦਾ ਹੈ ਅਤੇ ਖਤਰਨਾਕ ਵੀ ਹੋ ਸਕਦਾ ਹੈ। ਜੇਕਰ **9-1-1** ਦੀਆਂ ਲਾਈਨਾਂ ਜਾਂ ਆਪਰੇਟਰ ਸ਼ਰਾਰਤੀ ਫੋਨ ਨਾਲ ਬਿਜ਼ੀ ਹੋ ਜਾਣ, ਤਾਂ ਹੋ ਸਕਦਾ ਹੈ ਕਿ ਜਿਨ੍ਹਾਂ ਨੂੰ ਅਸਲੀ ਐਂਮਰਜੈਂਸੀ ਹੋਵੇ ਉਹਨਾਂ ਨੂੰ ਸਹਾਇਤਾ ਨਾ ਮਿਲੇ।

# 9-1-1

# ਇਸਤੇਮਾਲ ਕਰੋ ਦੁਰਉਪਯੋਗ ਨਹੀਂ

SP 227-E, 06/02 punjabi

## ਐਂਮਰਜੈਂਸੀ

### ਅੱਗ



### ਫੁਲੀਸ




### ਐਂਬੂਲੈਂਸ




# 9-1-1

# 9-1-1

## ਨੂੰ ਫੋਨ ਕਰੋ

## ਐਮਰਜੈਂਸੀ ਦੀਆਂ ਸੇਵਾਵਾਂ ਦੇ ਲਈ

- ਅੱਗ
- ਹੋ ਰਿਹਾ ਜੁਰਮ
- ਮੈਡੀਕਲ ਐਮਰਜੈਂਸੀ

## ਉਹ ਕੀ ਹੈ?

**9-1-1** ਇੱਕ ਵਿਆਪਕ ਨੰਬਰ ਹੈ, ਐਮਰਜੈਂਸੀ ਦੇ ਸਮੇਂ ਐਂਬੂਲੈਂਸ, ਪੁਲੀਸ ਅਤੇ ਅੱਗ ਦੀ ਸੇਵਾ ਦੇ ਲਈ ਅਤੇ ਟੋਰੰਟੋ ਏਰੀਏ ਦੇ ਵਿੱਚ ਹਰ ਰੋਜ਼ 24 ਘੰਟੇ ਉਪਲਭਦ ਹੈ।

## ਮੈਂ ਇਸਦਾ ਇਸਤੇਮਾਲ ਕਦੋਂ ਕਰ ਸਕਦਾ ਹਾਂ?

ਅਜੇਹੇ ਹਲਾਤ ਜਿੱਥੇ ਲੋਕਾਂ ਜਾਂ ਜਾਇਦਾਦ ਦੀ ਸੁਰੱਖਿਆ ਨੂੰ ਖਤਰਾ ਹੋਵੇ। **9-1-1** ਐਮਰਜੈਂਸੀ ਦੀਆਂ ਉਦਾਹਰਣਾਂ ਦੇ ਵਿੱਚ ਸ਼ਾਮਲ ਹੈ ਅੱਗ, ਹੋ ਰਿਹਾ ਜੁਰਮ, ਮੈਡੀਕਲ ਐਮਰਜੈਂਸੀ।




## ਜੇਕਰ ਮੈਨੂੰ ਪੁਲੀਸ ਦੀ ਜਰੂਰਤ ਹੈ ਪਰ ਐਮਰਜੈਂਸੀ ਨਹੀਂ ਹੈ?

ਜੇਕਰ ਆਪਦੀ ਸ਼ਿਕਾਇਤ ਐਮਰਜੈਂਸੀ ਨਹੀਂ ਹੈ, ਤਾਂ **(416) 808-2222** ਨੂੰ ਫੋਨ ਕਰੋ. ਜੋ ਕਿ ਬਿਨ੍ਹਾਂ ਐਮਰਜੈਂਸੀ ਦੇ ਮੌਕੇ ਦੇ ਲਈ ਹੈ। **(416) 808-2222** ਦਾ ਇਸਤੇਮਾਲ ਕਰੋ ਉਨ੍ਹਾਂ ਸਭ ਹਲਾਤਾਂ ਵਿੱਚ ਜਿਨ੍ਹਾਂ ਵਿੱਚ ਜਾਨ ਜਾਂ ਜਾਇਦਾਦ ਨੂੰ ਖਤਰਾ ਨਾ ਹੋਵੇ, ਜਿਵੇਂ ਕਿ ਪਾਰਕਿੰਗ ਦੀ ਸ਼ਿਕਾਇਤ, ਸ਼ੋਰ-ਗੁਲ ਵਾਲੀ ਪਾਰਟੀ, ਜਾਂ ਚੀਜ਼ਾਂ ਦਾ ਗੁਆਚ ਜਾਣਾ ਜਾਂ ਮਿਲ ਜਾਣਾ।

## 9-1-1 ਦੇ ਪ੍ਰਯੋਗ ਦੇ ਲਈ ਸੁਝਾਅ

ਸ਼ਾਤ ਰਹੋ ਅਤੇ ਸਾਫ ਸਾਫ ਬੋਲੋ। ਦੱਸੋ ਕਿ ਤੁਹਾਨੂੰ ਕਿਸ ਐਮਰਜੈਂਸੀ ਦੀ ਜਰੂਰਤ ਹੈ (ਪੁਲੀਸ, ਅੱਗ, ਐਂਬੂਲੈਂਸ) ਅਤੇ ਹੇਠਾਂ ਲਿਖੀ ਜਾਣਕਾਰੀ ਦੇਣ ਦੇ ਲਈ ਤਿਆਰ ਰਹੋ:

- ਕੀ ਹੋ ਰਿਹਾ ਹੈ?
- ਸਥਾਨ ਕੀ ਹੈ?
- ਤੁਹਾਡਾ ਪਤਾ ਅਤੇ ਫੋਨ ਨੰਬਰ ਕੀ ਹੈ?

ਕ੍ਰਿਪਾ ਕਰਕੇ ਫੋਨ ਤੇ ਹੀ ਰਹੋ, ਜਿਆਦਾ ਜਾਣਕਾਰੀ ਦੇਣ ਦੇ ਲਈ ਤਿਆਰ ਰਹੋ, ਜੇਕਰ ਆਪਰੇਟਰ ਕਹੇ ਤਾਂ। ਜਦੋਂ ਤੱਕ ਆਪਰੇਟਰ ਨਾਂ ਕਹੇ ਤਾਂ ਫੋਨ ***ਬੰਦ ਨਾ ਕਰੋ***।

## ਜੇਕਰ ਤੁਸੀਂ ਅੰਗਰੇਜੀ ਨਹੀਂ ਬੋਲਦੇ ਹੋ ਤਾਂ?

ਇਸ ਗੱਲ ਨਾਲ ਕੰਮ ਸੌਖਾ ਹੋ ਜਾਵੇਗਾ ਜੇਕਰ ਫੋਨ ਕਰਨ ਵਾਲਾ ਆਪਣੀ ਭਾਸ਼ਾ ਦਾ ਨਾਮ ਦੱਸ ਸਕੇ ਤਾਂ। ਆਪਰੇਟਰ ਤੁਹਾਡਾ ਫੋਨ ਦੁਭਾਸ਼ੀਏ ਦੇ ਨਾਲ ਮਿਲਾਏਗਾ। ਉਸ ਦੌਰਾਨ ਤੁਸੀਂ ਖਟ-ਖਟ ਅਵਾਜ਼ ਅਤੇ ਅੰਗਰੇਜੀ ਵਿੱਚ ਕੁਝ ਗੱਲਬਾਤ ਸੁਣੋਗੇ। ਲਗਭਗ 140 ਭਾਸ਼ਾਵਾਂ ਵਿੱਚ ਦੁਭਾਸ਼ੀਏ ਹਨ।

## ਐਮਰਜੈਂਸੀ ਫੋਨ ਮੁਫਤ ਹੈ

ਸਾਰੇ ਟੋਰੰਟੋ ਵਿੱਚ, ਕਿਤੋਂ ਵੀ ਕਿਸੇ ਵੀ ਟੈਲੀਫੋਨ ਬੂਥ ਜਾਂ ਸੈੱਲ ਫੋਨ ਨਾਲ **9-1-1** ਮਿਲਾ ਕੇ ਇਹ ਫੋਨ ***ਮੁਫਤ*** ਕੀਤੇ ਜਾ ਸਕਦੇ ਹਨ।



## TDD/TTY (ਬੋਲਿਆਂ ਦੇ ਲਈ ਟੈਲੀਫੋਨ ਦਾ ਇਕ ਸਾਧਨ)

ਐਮਰਜੈਂਸੀ ਵਿੱਚ TTY ਦਾ ਉਪਯੋਗ ਕਰਨ ਦੇ ਲਈ, **9-1-1** ਡਾਇਲ ਕਰੋ ਅਤੇ ਸਪੇਸਬਾਰ ਬਟਨ ਨੂੰ ਉਦੋਂ ਤੱਕ ਬਾਰ ਬਾਰ ਦੱਬਦੇ ਰਹੋ ਜਦੋਂ ਤੱਕ ਤੁਹਾਨੂੰ ਕੋਈ ਉੱਤਰ ਨਾ ਮਿਲ ਜਾਏ।

ਐਮਰਜੈਂਸੀ ਨਾ ਹੋਣ ਦੀ ਹਾਲਤ ਦੇ ਵਿੱਚ **(416) 467-0493** ਡਾਇਲ ਕਰੋ ਅਤੇ ਸਪੇਸਬਾਰ ਬਟਨ ਨੂੰ ਉਦੋਂ ਤੱਕ ਬਾਰ ਬਾਰ ਦੱਬਦੇ ਰਹੋ ਜਦੋਂ ਤੱਕ ਤੁਹਾਨੂੰ ਕੋਈ ਉੱਤਰ ਨਾ ਮਿਲ ਜਾਏ।